بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 15.02.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੀਆਂ ਇਮਾਨ ਵਧਾਉਣ ਵਾਲੀਆਂ ਗਲੱਾਂ ਦਾ ਮਨਮੋਹਕ ਤੇ ਮਨਭਾਉਂਦਾ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 15 ਫ਼ਰਵਰੀ 2019 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮੋਰਡਨ ਲੰਦਨ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਜਿੰਨ੍ਹਾ ਸਹਾਬਾ ਦਾ ਵਰਨਣ ਹੈ ਉਹਨਾ ਵਿੱਚੋਂ ਪਹਿਲਾ ਨਾਂ ਹਜ਼ਰਤ ਖ਼ਾਲਦ ਬਿਨ ਕੈਸ ਦਾ ਹੈ। ਹਜ਼ਰਤ ਖ਼ਲਦ ਦਾ ਸੰਬੰਧ ਖ਼ਜ਼ਰਜ ਕਬੀਲੇ ਦੀ ਸ਼ਾਖ਼ਾ ਬਨੂ ਬਯਾਜ਼ਾ ਨਾਲ ਸੀ। ਆਪ ਦੇ ਪਿਤਾ ਕੈਸ ਬਿਨ ਮਾਲਕ ਸਨ ਅਤੇ ਮਾਤਾ ਦਾ ਨਾਂ ਸਲਮਾ ਬਿੰਤ ਹਾਰਸਾ ਸੀ। ਆਪ ਸਤੱਰ ਅੰਸਾਰ ਸਹਾਬਾ ਦੇ ਨਾਲ ਬੈਅਤੇ ਅਕਬਾ ਵਿੱਚ ਸ਼ਾਮਲ ਹੋਏ। ਆਪ ਨੇ ਬਦਰ ਤੇ ਉਹਦ ਦੀ ਜੰਗ ਵਿੱਚ ਭਾਗ ਲਿਆ ਸੀ।

ਦੂਜੇ ਸਹਾਬੀ ਹਨ ਹਜ਼ਰਤ ਹਾਰਸ ਬਿਨ ਖ਼ਜ਼ਮਾ, ਇਹ ਅੰਸਾਰੀ ਸਨ। ਇਹਨਾ ਦੀ ਗੋਤ ਅਬੂ ਬਸ਼ੀਰ ਸੀ। ਇਹਨਾ ਦਾ ਸੰਬੰਧ ਅੰਸਾਰ ਨੇ ਕਬੀਲੇ ਖ਼ਜ਼ਰਜ ਨਾਲ ਸੀ। ਆਪ ਬਨੂ ਅਬਦੁਸ਼ੱਹਲ ਦੇ ਸਹਿਯੋਗੀ ਸਨ। ਆਪ ਬਦਰ, ਉਹਦ, ਖ਼ੰਦਕ ਅਤੇ ਹੋਰਨਾ ਸਾਰੀਆਂ ਜੰਗਾ ਵਿੱਚ ਹਜ਼ਰਤ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ ਸਨ। ਆਪ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਹਾਰਸ ਬਿਨ ਖ਼ਜ਼ਮਾ ਅਤੇ ਹਜ਼ਰਤ ਅਯਾਸ ਬਿਨ ਬਕੀਰ ਵਿਚਕਾਰ ਭਾਈਬੰਦੀ ਕਰਾਈ ਸੀ। ਤਬੂਕ ਦੀ ਜੰਗ ਸਮੇਂ ਜੱਦ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਊਠਣੀ ਗੁੰਮ ਹੋ ਗਈ ਸੀ ਤਾਂ ਮੁਨਾਫ਼ਕਾਂ ਨੇ ਆਪ ਸਲਲੱਾਹੁ ਅਲੈਹਿ ਵਸਲਮ'ਤੇ ਇਹ ਇਤਰਾਜ਼ ਕੀਤਾ ਕਿ ਆਪ ਨੂੰ ਆਪਣੀ ਊਠਣੀ ਦੀ ਖ਼ਬਰ ਨਹੀਂ ਹੈ ਤਾਂ ਅਕਾਸ਼ ਦੀਆਂ ਖ਼ਬਰਾਂ ਕਿਵੇਂ ਜਾਣ ਸਕਦੇ ਹਨ। ਜੱਦ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੂੰ ਇਸ ਗੱਲ ਦੀ ਖ਼ਬਰ ਹੋਈ ਤਾਂ ਆਪ ਨੇ ਫ਼ਰਮਾਇਆ ਕਿ ਮੈਂ ਉਹੋ ਗਲੱਾਂ ਜਾਣਦਾ ਹਾਂ ਜਿੰਨ੍ਹਾ ਬਾਰੇ ਰੱਬ ਮੈਨੂੰ ਖ਼ਬਰ ਦਿੰਦਾ ਹੈ

ਅਤੇ ਫ਼ਰਮਾਇਆ ਕਿ ਹੁਣ ਰੱਬ ਨੇ ਮੈਂਨੂੰ ਉਠਣੀ ਬਾਰੇ ਖ਼ਬਰ ਦਿੱਤੀ ਹੈ ਕਿ ਉਹ ਵਾਦੀ ਦੀ ਫਲਾਣੀ ਘਾਟੀ ਵਿੱਚ ਹੈ । ਸੋ, ਹਜ਼ਰਤ ਹਾਰਸ ਬਿਨ ਖ਼ਜ਼ਮਾ ਆਪ ਸਲਲੱਾਹੁ ਅਲੈਹਿ ਵਸਲਮ ਦੇ ਦੱਸੇ ਹੋਏ ਸਥਾਨ ਤੋਂ ਉਠਣੀ ਨੂੰ ਭਾਲਕੇ ਲੈ ਆਏ । ਇਹਨਾ ਦੀ ਵਫ਼ਾਤ 40 ਹਿਜਰੀ ਵਿੱਚ ਹਜ਼ਰਤ ਅਲੀ ਦੇ ਖ਼ਿਲਾਫ਼ਤ ਕਾਲ ਵਿੱਚ 67 ਸਾਲ ਦੀ ਉਮਰ ਵਿੱਚ ਮਦੀਨੇ ਵਿੱਚ ਹੋਈ ।

ਅਗਲੇ ਸਹਾਬੀ ਹਨ ਹਜ਼ਰਤ ਖ਼ਨੀਸ ਬਿਨ ਹਜ਼ਾਫ਼ਾ, ਇਹਨਾ ਦੀ ਗੋਤ ਅਬੂ ਹਜ਼ਾਫ਼ਾ ਸੀ । ਇਹਨਾ ਨੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਦਾਰਿ ਅਰਕਮ ਵਿੱਚ ਜਾਣ ਤੋਂ ਪਹਿਲਾਂ ਇਸਲਾਮ ਕੁਬੂਲ ਕੀਤਾ ਸੀ । ਆਪ ਉਨ੍ਹਾ ਮੁਸਲਮਾਨਾ ਵਿੱਚ ਸ਼ਾਮਲ ਸਨ ਜਿੰਨ੍ਹਾ ਨੇ ਦੂਜੀ ਵਾਰ ਹਬਸ਼ੇ ਵੱਲ ਹਿਜਰਤ ਕੀਤੀ । ਮਦੀਨੇ ਹਿਜਰਤ ਕਰਨ ਦੇ ਬਾਦ ਆਪ ਹਜ਼ਰਤ ਰਫ਼ਾਅ ਬਿਨ ਅਬਦੁਲ ਮੁਨਜ਼ਰ ਦੇ ਕੋਲ ਰਹੇ । ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਖ਼ਨੀਸ ਅਤੇ ਅਬੂ ਅਬਸ ਬਿਨ ਜਬਰ ਵਿਚਕਾਰ ਭਾਈਬੰਦੀ ਕਰਾਈ। ਆਪ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ । ਉਮੁੱਲ ਮੋਮਿਨੀਨ ਹਜ਼ਰਤ ਹਫ਼ਸਾ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਤੋਂ ਪਹਿਲਾਂ ਹਜ਼ਰਤ ਖ਼ਨੀਸ ਦੇ ਨਿਕਾਹ ਵਿੱਚ ਸਨ ।

ਹਜ਼ਰਤ ਖ਼ਨੀਸ ਬਦਰ ਦੀ ਜੰਗ ਦੇ ਬਾਦ ਮਦੀਨੇ ਵਾਪਸ ਆਉਣ'ਤੇ ਬਿਮਾਰ ਪੈ ਗਏ ਅਤੇ ਇਸ ਬਿਮਾਰੀ ਤੋਂ ਠੀਕ ਨ ਹੋ ਸਕੇ ਅਤੇ ਇਹਨਾ ਦੀ ਵਫ਼ਾਤ ਹੋ ਗਈ । ਜਿਸਦੇ ਬਾਦ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਹਫ਼ਸਾ ਨਾਲ ਨਿਕਾਹ ਕਰ ਲਿਆ । ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਖ਼ਨੀਸ ਦੀ ਨਮਾਜ਼ ਜਨਾਜ਼ਾਹ ਪੜ੍ਹਾਈ ਅਤੇ ਆਪ ਨੂੰ ਜਨੱਤੁਲ ਬਕੀ ਵਿੱਚ ਹਜ਼ਰਤ ਉਸਮਾਨ ਬਿਨ ਮਜ਼ਊਨ ਦੇ ਪਹਿਲੂ ਵਿੱਚ ਦਫ਼ਨ ਕੀਤਾ ਗਿਆ ।

ਅਗਲੇ ਸਹਾਬੀ ਜਿੰਨ੍ਹਾ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਹਾਰਸਾ ਬਿਨ ਨੁਅਮਾਨ ਹੈ । ਇਹਨਾ ਦੀ ਗੋਤ ਅਬੂ ਅਬਦੁਲੱਾਹ ਸੀ ਹਜ਼ਰਤ ਹਾਰਸਾ ਬਿਨ ਨੁਅਮਾਨ ਅੰਸਾਰੀ ਸਹਾਬੀ ਸਨ ਇਨ੍ਹਾ ਦਾ ਸੰਬੰਧ ਖ਼ਜ਼ਰਜ ਕਬੀਲੇ ਦੀ ਸ਼ਾਖ਼ਾ ਬਨੂ ਨਜਾਰ ਨਾਲ ਸੀ । ਆਪ ਬਦਰ, ਉਹਦ, ਖ਼ੰਦਕ ਅਤੇ ਹੋਰਨਾ ਸਾਰੀਆਂ ਜੰਗਾ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨਾਲ ਸ਼ਾਮਲ ਹੋਏ । ਇਹਨਾ ਦੀ ਗਿਣਤੀ ਮਹਾਨ ਜਲਾਲ ਵਾਲੇ ਸਹਾਬੀਆਂ ਵਿੱਚ ਹੁੰਦੀ ਹੈ । ਹਜ਼ਰਤ ਇਬਨੇ ਅਬੱਾਸ ਬਿਆਨ ਕਰਦੇ ਹਨ ਕਿ ਹਜ਼ਰਤ ਹਾਰਸਾ ਬਿਦ ਨੁਅਮਾਨ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਕੋਲੋਂ ਲੰਘੇ । ਆਪ ਸਲਲੱਾਹੁ ਅਲੈਹਿ ਵਸਲਮ ਦੇ ਕੋਲ ਹਜ਼ਰਤ ਜਿਬਰੀਲ ਬੈਠੇ ਸਨ ਅਤੇ ਆਪ ਉਹਨਾ ਨਾਲ ਹੋਲ੍ਹੀ ਹੋਲ੍ਹੀ ਗਲੱਾਂ ਕਰ ਰਹੇ ਸਨ । ਹਾਰਸਾ ਨੇ ਆਪ ਨੂੰ ਸਲਾਮ ਨਹੀਂ ਕੀਤਾ । ਜਿਬਰੀਲ ਨੇ ਕਿਹਾ ਕਿ ਉਹਨਾਂ ਨੇ ਆਪਨੂੰ ਸਲਾਮ ਕਿਉਂ ਨਹੀਂ ਕੀਤਾ ? ਬਾਦ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਾਰਸਾ ਨੂੰ ਪੁੱਛਿਆ ਕਿ ਤੁਸੀਂ ਸਲਾਮ ਕਿਉ ਨਹੀਂ ਕੀਤਾ ਸੀ ? ਉਹਨਾਂ ਨੇ ਬਿਨਤੀ ਕੀਤੀ ਕਿ ਮੈਂ ਆਪਦੇ ਕੋਲ ਇਕ ਵਿਅਕਤੀ ਨੂੰ ਦੇਖਿਆ ਸੀ ਆਪ ਉਹਨਾ ਨਾਲ ਹੋਲ੍ਹੀ ਹੋਲ੍ਹੀ ਕੁਝ ਗਲੱਾਂ ਕਰ ਰਹੇ ਸਨ, ਮੈਂ ਪਸੰਦ ਨਹੀਂ ਕੀਤਾ ਕਿ ਮੈਂ ਆਪਦੀ ਗੱਲ ਨੂੰ ਕਟੱਾਂ । ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਪੁੱਛਿਆ ਕਿ ਕੀ ਤੁਸੀਂ ਉਸ ਵਿਅਕਤੀ ਨੂੰ ਦੇਖ ਲਿਆ ਸੀ ਜੋ ਮੇਰੇ ਕੋਲ ਬੈਠਾ ਸੀ ? ਉਹਨਾਂ ਨੇ ਕਿਹਾ ਜੀ ਹਾਂ, ਤਾਂ ਆਪ ਨੇ ਫ਼ਰਮਾਇਆ ਕਿ ਉਹ ਜਿਬਰੀਲ ਸਨ ਅਤੇ ਉਹ ਕਹਿੰਦੇ ਸਨ ਕਿ ਜੇਕਰ ਇਹ ਵਿਅਕਤੀ ਸਲਾਮ ਕਰਦਾ ਤਾਂ ਮੈਂ ਇਸ ਵਿਅਕਤੀ ਨੂੰ ਜਵਾਬ ਦਿੰਦਾ । ਫਿਰ

ਇਸਦੇ ਬਾਦ ਜਿਬਰੀਲ ਨੇ ਕਿਹਾ ਕਿ ਇਹ ਅੱਸੀ ਲੋਕਾਂ ਵਿੱਚੋਂ ਹਨ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਮੈਂ ਜਿਬਰੀਲ ਨੂੰ ਪੁੱਛਿਆ ਕਿ ਇਸ ਦੇ ਕੀ ਅਰਥ ਹਨ ? ਇਸ'ਤੇ ਜਿਬਰੀਲ ਨੇ ਕਿਹਾ ਕਿ ਇਹ ਉਨ੍ਹਾ ਅੱਸੀ ਵਿਅਕਤੀਆਂ ਵਿੱਚੋਂ ਹਨ ਜੋ ਹੁਨੈਨ ਦੀ ਜੰਗ ਸਮੇਂ ਆਪ ਦੇ ਨਾਲ ਪੱਕੇ ਪੈਰ੍ਹੀ ਰਹੇ ਸਨ । ਇਹਨਾ ਦਾ ਰਿਜ਼ਕ ਅਤੇ ਇਹਨਾ ਦੀ ਸੰਤਾਨ ਦਾ ਰਿਜ਼ਕ ਸਵਰਗਾਂ ਵਿੱਚ ਰੱਬ ਦੇ ਜ਼ਿੰਮੇ ਹੈ ।

ਅਗਲੇ ਸਹਾਬੀ ਹਨ ਹਜ਼ਰਤ ਬਸ਼ੀਰ ਬਿਨ ਸਅਦ, ਇਹਨਾਂ ਦੀ ਗੋਤ ਅਬੂ ਨੁਅਮਾਨ ਸੀ । ਸਅਦ ਬਿਨ ਸਅਲਬਾ ਇਹਨਾ ਦੇ ਪਿਤਾ ਸਨ । ਖ਼ਜ਼ਰਜ ਕਬੀਲੇ ਨਾਲ ਇਹਨਾਂ ਦਾ ਸੰਬੰਧ ਸੀ । ਹਜ਼ਰਤ ਬਸ਼ੀਰ ਬਿਨ ਸਅਦ ਜਹਾਲਤ ਦੇ ਸਮੇਂ ਵੀ ਲਿਖਣਾ ਪੜ੍ਹਨਾ ਜਾਣਦੇ ਸਨ । ਆਪ ਬੈਅਤੇ ਅਕਬਾ ਸਾਨੀਆ ਵਿੱਚ ਸਤੱਰ ਅੰਸਾਰ ਨਾਲ ਸ਼ਾਮਲ ਹੋਏ ਸਨ, ਆਪ ਬਦਰ, ਉਹਦ, ਖੰਦਕ ਅਤੇ ਬਕੀ ਸਾਰੀਆਂ ਜੰਗਾ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ ਸਨ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਸ਼ੁਅਬਾਨ 7 ਹਿਜਰੀ ਵਿੱਚ ਹਜ਼ਰਤ ਬਸ਼ੀਰ ਬਿਨ ਸਅਦ ਦੀ ਨਿਗਰਾਨੀ ਵਿੱਚ ਤੀਹ ਵਿਅਕਤੀਆਂ ਉਪੱਰ ਅਧਾਰਤ ਇਕ ਸਰੱਯਾ (ਉਹ ਜਥੱਾ ਜਿਸ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਆਪ ਸ਼ਾਮਲ ਨ ਹੋਣ) ਫ਼ਿਦਕ ਬਿਨ ਮਰਤਹ ਵੱਲ ਭੇਜਿਆ ਸੀ । ਇਸੇ ਪ੍ਰਕਾਰ ਸ਼ਵਾਲ 7 ਹਿਜਰੀ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਆਪ ਨੂੰ ਤਿੰਨ ਸੋ ਵਿਅਕਤੀਆਂ ਦੇ ਨਾਲ ਯਮਨ ਅਤੇ ਜਵਾਰ ਵੱਲ ਭੇਜਿਆ ਜਿੱਥੇ ਗ਼ਤਫ਼ਾਨ ਦੇ ਕੁਝ ਲੋਕ ਅਯੀਨਾ ਬਿਨ ਹਨਸੁਲ ਫ਼ਰਾਦੀ ਦੇ ਨਾਲ ਇਕੱਠੇ ਹੋਕੇ ਇਸਲਾਮ ਵਿਰੁਧ ਮਨਸੂਬੇ ਬਣਾਇਆ ਕਰਦੇ ਸਨ । ਹਜ਼ਰਤ ਬਸ਼ੀਰ ਨੇ ਇਹਨਾ ਦਾ ਮੁਕਾਬਲਾ ਕਰਕੇ ਇਹਨਾ ਨੂੰ ਨਿਖੇੜ ਦਿਤੱਾ ।

ਇਕ ਰਿਵਾਇਤ ਵਿੱਚ ਹੈ ਕਿ ਹਜ਼ਰਤ ਨੁਅਮਾਨ ਬਿਨ ਬਸ਼ੀਰ ਕਹਿੰਦੇ ਹਨ ਕਿ ਮੇਰੇ ਪਿਤਾ ਨੇ ਆਪਣਾ ਕੁਝ ਮਾਲ ਮੈਂਨੂੰ ਦਿਤੱਾ । ਇਸ'ਤੇ ਮੇਰੀ ਮਾਂ ਨੇ ਕਿਹਾ, ਮੈਂ ਰਾਜ਼ੀ ਨਹੀਂ ਜੱਦ ਤੱਕ ਤੁਸੀ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਗਵਾਹ ਨ ਠਹਿਰਾਓ । ਮੇਰੇ ਪਿਤਾ ਜੀ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਕੋਲ ਗਏ ਤਾਂ ਜੁ ਉਹ ਆਪ ਨੂੰ ਮੇਰੇ ਦਿੱਤੇ ਹੋਏ ਮਾਲ ਉਪੱਰ ਗਵਾਹ ਬਨਾਉਣ ਜੋ ਮੈਂਨੂੰ ਦਿਤੱਾ ਸੀ। ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਤੁਸੀਂ ਆਪਣੇ ਸਾਰਿਆਂ ਬੱਚਿਆਂ ਨਾਲ ਅਜਿਹਾ ਹੀ ਕੀਤਾ ਹੈ । ਉਹਨਾਂ ਨੇ ਕਿਹਾ ਕਿ ਨਹੀਂ । ਆਪ ਨੇ ਫ਼ਰਮਾਇਆ ਕਿ ਅਲੱਾਹ ਦਾ ਤਕਵਾ (ਸੰਝਮਤਾ) ਧਾਰਨ ਕਰੋ ਅਤੇ ਆਪਣੀ ਸੰਤਾਨ ਨਾਲ ਨਿਆ ਕਰੋ ਮੇਰੇ ਪਿਤਾ ਵਾਪਸ ਆਏ ਅਤੇ ਉਹ ਦਿੱਤਾ ਹੋਇਆ ਮਾਲ ਵਾਪਸ ਲੈ ਲਿਆ । ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਮੈਂਨੂੰ ਗਵਾਹ ਨ ਬਣਾਓ ਕਿਉਂਕਿ ਮੈਂ ਜ਼ੁਲਮ ਉਪੱਰ ਗਵਾਹੀ ਨਹੀਂ ਦਿੰਦਾ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਇਸ ਦੀ ਵਿਆਖਿਆ ਕਰਦਿਆਂ ਹੋਇਆਂ ਫ਼ਰਮਾਇਆ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦਾ ਇਹ ਫ਼ਰਮਾਨ ਮਹਤੱਵਪੂਰਨ ਚੀਜਾ ਬਾਰੇ ਹੈ ਨ ਕਿ ਛੋਟੀ ਮੋਟੀ ਚੀਜ਼ਾ ਬਾਰੇ ।

ਹਜ਼ੂਰ ਅਨਵਰ ਨੇ ਇਸ ਮਸਲੇ ਦੀ ਹੋਰ ਵਿਆਖਿਆ ਕਰਦਿਆਂ ਹੋਇਆਂ ਫ਼ਰਮਾਇਆ ਕਿ ਇਕ ਲੜਕੇ ਦੀ ਸ਼ਿਕਾਇਤ ਉਪੱਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਉਸ ਦੇ ਪਿਤਾ ਨੂੰ ਕਿਉਂ ਆਦੇਸ਼ ਦਿਤੱਾ ਕਿ ਜਾਂ ਤਾਂ ਤੁਸੀਂ ਉਸ ਨੂੰ ਵੀ ਉਹ ਚੀਜ਼ ਦਿਓ ਜਾਂ ਫਿਰ ਦੂਜੇ ਕੋਲੋਂ ਵੀ ਲੈ ਲਓ । ਇਸ ਵਿੱਚ ਦਾਨਾਈ ਇਹ ਹੈ ਕਿ ਜਿਵੇਂ ਸਤਾਨ'ਤੇ ਮਾਤਾ ਪਿਤਾ ਦੀ ਆਗਿਆਕਾਰੀ ਫ਼ਰਜ਼ ਹੈ, ਉਸੇ ਪ੍ਰਕਾਰ ਮਾਤਾ ਪਿਤਾ ਲਈ ਵੀ ਸੰਤਾਨ ਨਾਲ ਬਰਾਬਰੀ ਦਾ ਵਰਤਾਉ ਤੇ ਸਮਾਨਤਾ ਨਾਲ ਪ੍ਰੇਮ ਕਰਨਾ ਫ਼ਰਜ਼ ਹੈ, ਪਰ ਜੇਕਰ ਮਾਤਾ ਪਿਤਾ ਇਸ ਦੀ ਉਲੰਘਣਾ ਕਰਦਿਆਂ ਹੋਇਆਂ ਫਰਾਡ ਤੋਂ ਕੰਮ ਲੈਂਦੇ ਹਨ ਤਾਂ ਸੰਭਵ ਹੈ ਕਿ ਸੰਤਾਨ ਸ਼ਾਇਦ ਆਪਣੇ ਕਰਤਵਾਂ ਤੋਂ ਮੂੰਹ ਨ ਮੋੜੇ ਪਰ ਇਹਨਾ ਕਰਤਵਾਂ ਦੇ ਕਰਦੇ ਸਮੇਂ ਅਰਥਾਤ ਮਾਤਾ ਪਿਤਾ ਦੀ ਸੇਵਾ ਕਰਦੇ ਸਮੇਂ ਕੋਈ ਖ਼ੁਸ਼ੀ ਤੇ ਹਾਰਦਕ ਆਨੰਦ ਅਨੁਭਵ ਨਹੀਂ ਕਰੇਗੀ । ਕਈ ਲੋਕਾਂ ਨੂੰ ਇਸ ਪ੍ਰਕਾਰ ਦਾ ਰਵਯੱਾ ਸੰਤਾਨ ਲਈ ਖ਼ਤਰਨਾਕ ਤੇ ਪ੍ਰੇਮ ਨੂੰ ਤਬਾਹ ਕਰਨ ਵਾਲਾ ਹੁੰਦਾ ਹੈ ਜੋ ਸੰਤਾਨ ਤੇ ਮਾਂ ਬਾਪ ਵਿੱਚ ਹੁੰਦੀ ਹੈ । ਇਸ ਲਈ ਇਸਲਾਮ ਨੇ ਇਸ ਤੋਂ ਮਨਾ ਕੀਤਾ ਹੈ । ਸੋ, ਜੇਕਰ ਹਿਬਾ (ਬਖ਼ਸ਼ਿਸ਼) ਜਾਂ ਵਸੀਯੱਤ ਕਿਸੇ ਵਿਸ਼ੇਸ਼ ਸੰਤਾਨ ਦੇ ਨਾਂ ਹੋਵੇ ਤਾਂ ਫਿਰ ਨਜਾਇਜ਼ ਹੋਵੇਗਾ । ਕਈ ਵਾਰ ਹਾਲਾਤ ਇਸ ਪ੍ਰਕਾਰ ਦੇ ਹੁੰਦੇ ਹਨ ਕਿ ਵੱਡੇ ਪੁਤੱਰ ਨੂੰ ਉਚੱਤਮ ਵਿੱਦਿਆ ਦੁਆਈ ਪਰ ਛੋਟੇ ਪੁਤੱਰਾਂ ਸਮੇਂ ਨੋਕਰੀ ਛੁੱਟ ਜਾਣ ਕਰਕੇ ਜਾਂ ਆਮਦਨੀ ਘੱਟ ਜਾਣ ਕਰਕੇ ਉਹਨਾਂ ਨੂੰ ਉਚੱਤਮ ਸਿੱਖਿਆ ਨਹੀਂ ਦੁਆ ਸਕਿਆ ਤਾਂ ਇਸ'ਤੇ ਇਤਰਾਜ਼ ਨਹੀਂ ਹੋ ਸਕਦਾ । ਪਰ ਇਸਦੇ ਵਿਪਰੀਤ ਜੇਕਰ ਇਕ ਪਿਤਾ ਆਪਣੇ ਵੱਡੇ ਪੁਤੱਰ ਨੂੰ ਜੋ ਪਰਿਵਾਰ ਵਾਲਾ ਹੋ ਗਿਆ ਹੈ ਦੋ ਹਜ਼ਾਰ ਦੇਕੇ ਵੱਖ ਕਰ ਦੇਵੇ ਕਿ ਤੁਸੀਂ ਵਪਾਰ ਕਰ ਲਓ ਪਰ ਦੂਜੇ ਲੜਕੇ ਵੀ ਜੱਦ ਸੰਤਾਨ ਵਾਲੇ ਹੋ ਜਾਣ ਤਾਂ ਉਹਨਾ ਨੂੰ ਕੁਝ ਨ ਦੇਵੇ ਤਾਂ ਇਹ ਨਜਾਇਜ਼ ਹੈ ਅਤੇ ਅਡੱਰਾ ਵਾਰਤਾਉ ਹੋਵੇਗਾ ।

ਹਜ਼ਰਤ ਅਬੂਬਕਰ ਸਿੱਦੀਕ ਰਜ਼ੀ ਅਲੱਾਹ ਅਨਹੁ ਦੇ ਖ਼ਿਲਾਫ਼ਤ ਜੁੱਗ ਵਿੱਚ 12 ਹਿਜਰੀ ਵਿੱਚ ਹਜ਼ਰਤ ਬਸ਼ੀਰ, ਹਜ਼ਰਤ ਖ਼ਾਲਦ ਬਿਨ ਵਲੀਦ ਦੀ ਐਨੁਤੱਮਰ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਆਪ ਨੂੰ ਸ਼ਹੀਦੀ ਪ੍ਰਾਪਤ ਹੋਈ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਜੱਦ ਉਮਰਾ ਕਜ਼ਾਅ ਲਈ ਜ਼ਿਲਕਾਅਦਾ 7 ਹਿਜਰੀ ਵਿੱਚ ਰਵਾਨਾ ਹੋਏ ਤਾਂ ਆਪਨੇ ਹੱਥਿਆਰ ਪਹਿਲਾਂ ਅੱਗੇ ਭੇਜ ਦਿੱਤੇ ਸਨ ਅਤੇ ਉਨ੍ਹਾ'ਤੇ ਹਜ਼ਰਤ ਬਸ਼ੀਰ ਬਿਨ ਸਅਦ ਨੂੰ ਨਿਗਰਾਨ ਨਿਯੁਕਤ ਕੀਤਾ । ਉਮਰਾ ਕਜ਼ਾਅ ਦੀ ਵਿਆਖਿਆ ਕਰਦਿਆਂ ਹੋਇਆਂ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਸੁਲਾਹ ਹੁਦੈਬੀਆਹ ਦੇ ਮੌਕੇ'ਤੇ ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਅਤੇ ਆਪ ਦੇ ਸਾਥੀਆਂ ਨੂੰ ਉਮਰਹ ਕਰਨ ਤੋਂ ਰੋਕ ਦਿਤੱਾ ਗਿਆ ਸੀ ਤਾਂ ਉਸ ਸਮੇਂ ਜੋ ਸ਼ਰਤਾਂ ਤੈਅ ਹੋਈਆਂ ਸਨ ਉਹਨਾ ਵਿੱਚ ਇਕ ਸ਼ਰਤ ਇਹ ਸੀ ਕਿ ਅਗਲੇ ਸਾਲ ਆਪ ਆਪਣੇ ਸਾਥੀਆਂ ਨਾਲ ਉਮਰਾ ਕਰ ਸਕਦੇ ਹਨ । ਸੋ, ਜ਼ਿਲ ਕਾਅਦਾ 7 ਹਿਜਰੀ ਵਿੱਚ ਆਪਨੇ 2000 ਸਹਾਬਾ ਨਾਲ ਉਮਰਾ ਕੀਤਾ ਅਤੇ ਖ਼ਾਨਾ ਕਾਬਾ ਦਾ ਤਵਾਫ਼ (ਪ੍ਰਕ੍ਰਿਮਾ) ਕੀਤਾ । ਤਵਾਫ਼ ਦਾ ਦ੍ਰਿਸ਼ ਕੁਫ਼ੱਾਰ ਕੋਲੋਂ ਦੇਖਿਆ ਨਹੀਂ ਗਿਆ ਅਤੇ ਉਹ ਪਹਾੜਾਂ ਉਪੱਰ ਚਲੇ ਗਏ । ਕਈ ਲੋਕ ਮਿਹਣੇ ਵੱਜੋਂ ਇਹ ਕਹਿਣ ਲੱਗੇ ਕਿ ਇਹ ਕੀ ਤਵਾਫ਼ ਕਰਨਗੇ, ਇਹਨਾਂ ਨੂੰ ਤਾਂ ਭੁੱਖ ਤੇ ਮਦੀਨਿ ਦੇ ਬੁਖ਼ਾਰ ਨੇ ਕੁਚਲ ਕੇ ਰੱਖ ਦਿਤੱਾ ਹੈ ।

ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਸਹਾਬਾ ਨੂੰ ਫ਼ਰਮਾਇਆ ਕਿ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰੋ ਅਤੇ ਚਦੱਰ ਇਸ ਪ੍ਰਕਾਰ ਬੰਨ੍ਹੋ ਕਿ ਮਜ਼ਬੂਤ ਸ਼ਾਨੇ ਨਜ਼ਰ ਆਉਣ ਅਤੇ ਫਿਰ ਸ਼ਾਨਿਆਂ ਨੂੰ ਚੰਗੀ ਤਰ੍ਹਾਂ ਹਿਲਾ ਹਿਲਾ ਕੇ ਤਵਾਫ਼ ਕਰੋ । ਇਸ ਨੂੰ ਅਰਬੀ ਵਿੱਚ ਰਮਲ ਕਹਿੰਦੇ ਹਨ । ਇਹ ਸੁਨੱਤ ਅੱਜ ਵੀ ਜਾਰੀ ਹੈ ਅਤੇ ਕਯਾਮਤ ਤੱਕ ਬਾਕੀ ਰਹੇਗੀ । ਹਜ਼ੂਰ ਅਨਵਰ ਨੇ ਫ਼ਰਮਾਿਆ ਕਿ ਰਿਵਾਇਤ ਵਿੱਚ ਆਇਆ ਹੈ ਕਿ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਆਪਣੇ ਜੀਵਨ ਵਿੱਚ ਚਾਰ ਉਮਰੇ ਅਤੇ ਇਕ ਹੱਜ ਕੀਤਾ ਸੀ ।

ਹਜ਼ਰਤ ਬਸ਼ੀਰ ਬਿਨ ਸਅਦ ਅੰਸਾਰ ਦੇ ਪਹਿਲੇ ਵਿਅਕਤੀ ਸਨ, ਜਿੰਨ੍ਹਾ ਨੇ ਹਜ਼ਰਤ ਅਬੂਬਕਰ ਸਿੱਦੀਕ ਦੇ ਹੱਥ'ਤੇ ਸਕੀਫ਼ਾ ਬਨੂ ਸਾਅਦਾ ਦੇ ਦਿਨ ਬੈਅਤ ਕੀਤੀ ਸੀ । ਸਕੀਫ਼ਾ ਬਨੂ ਸਾਅਦਾ ਕੀ ਹੈ ? ਇਸ ਦੀ ਵਿਆਖਿਆ ਕਰਦਿਆਂ ਹੋਇਆਂ ਹਜ਼ੂਰ ਅਨਵਰ ਨੇ ਫ਼ਰਮਾਇਆ : ਇੱਥੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਵਫ਼ਾਤ ਦੇ ਬਾਦ ਸਕੀਫ਼ਾ ਬਨੂ ਸਾਅਦਾ ਵਿੱਚ ਬਨੂ ਖ਼ਜ਼ਰਜ ਦਾ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਜਾਨਸ਼ੀਨੀ (ਉਤਰਾਧਿਕਾਰੀ) ਦੇ ਹਵਾਲੇ ਨਾਲ ਇਕ ਇਜਲਾਸ (ਸਭਾ) ਜਾਰੀ ਸੀ । ਇਸ ਸਭਾ ਦੀ ਖ਼ਬਰ ਹਜ਼ਰਤ ਉਮਰ ਨੂੰ ਦਿੱਤੀ ਗਈ ਅਤੇ ਨਾਲ ਹੀ ਇਹ ਕਿਹਾ ਗਿਆ ਕਿ ਹੋ ਸਕਦਾ ਹੈ ਕਿ ਮੁਨਾਫ਼ਕਾਂ ਅਤੇ ਅੰਸਾਰ ਦੇ ਸਬਬ ਕੋਈ ਫਿਤਨਾ ਨ ਫੈਲ ਜਾਏ । ਇਸ'ਤੇ ਹਜ਼ਰਤ ਉਮਰ ਫ਼ਾਰੂਕ ਹਜ਼ਰਤ ਅਬੂਬਕਰ ਸਿੱਦੀਕ ਨੂੰ ਲੈਕੇ ਸਕੀਨਾ ਬਨੂ ਸਾਅਦਾ ਚਲੇ ਗਏ । ਇੱਥੇ ਜਾਕੇ ਪਤਾ ਲੱਗਿਆ ਕਿ ਬਨੂ ਖ਼ਜ਼ਰਜ ਉਤੱਰਾਧਿਕਾਰੀ ਦੇ ਦਾਅਵੇਦਾਰ ਹਨ ਅਤੇ ਬਨੂ ਓਸ ਇਸਦੀ ਵਿਰੋਧਤਾ ਕਰ ਰਹੇ ਹਨ । ਇਸ'ਤੇ ਇਕ ਅੰਸਾਰੀ ਸਹਾਬੀ ਨੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦਾ ਇਹ ਕਥਨ ਚੇਤੇ ਕਰਾਇਆ ਕਿ ਹੁਕਮਰਾਨ ਤਾਂ ਕੁਰੈਸ਼ ਵਿੱਚੋਂ ਹੀ ਹੋਣਗੇ ਜੋ ਇਸ ਸਮੇਂ ਇਸ ਬਹਿਸ ਦੌਰਾਨ ਲੋਕਾਂ ਦੀ ਬਹੁਗਿਣਤੀ ਦੇ ਦਿਲਾਂ ਵਿੱਚ ਉਤਰ ਗਿਆ । ਅੰਸਾਰ ਆਪਣੇ ਦਾਵੇ ਤੋਂ ਦਸਤਬਰਦਾਰ (ਵਾਪਸ) ਹੋ ਗਏ ਅਤੇ ਸਾਰਿਆਂ ਨੇ ਝੱਟ ਹੀ ਅਬੂਬਕਰ ਦੀ ਖ਼ਿਲਾਫ਼ਤ ਦੀ ਬੈਅਤ ਕਰ ਲਈ ।

ਹਜ਼ਰਤ ਅਬੂ ਮਸਊਦ ਅੰਸਾਰੀ ਬਿਆਨ ਕਰਦੇ ਹਨ ਕਿ ਇਕ ਵਾਰ ਅਸੀਂ ਸਅਦ ਬਿਨ ਅਬਾਦਹ ਦੀ ਸਭਾ ਵਿੱਚ ਸਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਸਾਡੇ ਕੋਲ ਆਏ । ਹਜ਼ਰਤ ਬਸ਼ੀਰ ਬਿਨ ਸਅਦ ਨੇ ਆਪ ਦੀ ਸੇਵਾਂ ਵਿੱਚ ਅਰਜ਼ ਕੀਤੀ ਕਿ ਰੱਬ ਨੇ ਸਾਨੂੰ ਹੁਕੁਮ ਦਿਤੱਾ ਹੈ ਕਿ ਅਸੀਂ ਆਪ ਉਪੱਰ ਦੁਰੂਦ ਭੇਜਣ ਤਾਂ ਅਸੀਂ ਕਿਵੇਂ ਆਪ ਉਪੱਰ ਦੁਰੂਦ ਭੇਜੀਏ । ਰਾਵੀ ਕਹਿੰਦੇ ਹਨ ਕਿ ਇਸ ਪ੍ਰਸ਼ਨ ਦੇ ਉਤੱਰ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਚੁੱਪ ਰਹੇ । ਇੱਥੋਂ ਤੱਕ ਕਿ ਅਸੀਂ ਇਛੱਾ ਕੀਤੀ ਕਿ ਕਾਸ਼ ਉਹ ਆਪ ਤੋਂ ਪ੍ਰਸ਼ਨ ਨ ਕਰਦਾ । ਫਿਰ ਰਸੂਲੁਲੱਾਹ ਸਲਲੱਾਹੁ ਨੇ ਫ਼ਰਮਾਇਆ ਕਿ ਇਹ ਕਿਹਾ ਕਰੋ ਕਿ

اللھم صل علی محمد وعلیٰ اٰل محمد کما صلیت علیٰ اٰل ابراھیم وبارك علیٰ محمد وعلیٰ اٰل محمد کما بارکت علیٰ اٰل ابراھیم فی العالمین انك حمید مجید۔

ਅਤੇ ਸਲਾਮ ਇਸ ਪ੍ਰਕਾਰ ਜਿਵੇਂ ਕਿ ਤੁਸੀਂ ਜਾਣਦੇ ਹੋ ਕਿਵੇਂ ਸਲਾਮ ਕਰਨਾ ਹੈ

اللھم صل علی محمد وعلیٰ اٰل محمد وبارك وسلم انك حمید مجید

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਮੈਂ ਕਿ ਦੁਆ ਲਈ ਕਹਿਣਾ ਚਾਹੁੰਦਾ ਹਾਂ ਕਿ ਬੀਤੇ ਦਿਨਾਂ ਵਿੱਚ ਬੰਗਲਾ ਦੇਸ਼ ਵਿੱਚ ਬਲਵਾਈਆਂ ਨੇ ਅਹਮਦੀਆਂ ਨੇ ਘਰਾਂ ਅਤੇ ਦੁਕਾਨਾ ਆਦਿ ਉਪੱਰ ਹਮਲਾ ਕੀਤਾ ਕੁਝ ਘਰ ਜਲਾਏ ਕੁਝ ਦੁਕਾਨਾਂ ਲੁੱਟੀਆਂ ਜਲਾਈਆਂ ਕੁਝ ਅਹਮਦੀ ਜ਼ਖ਼ਮੀ ਵੀ ਹੋਏ ਦੁਆ ਕਰੋ ਕਿ ਅਲੱਾਹ ਤਆਲਾ ਓਥੋਂ ਦੇ ਹਾਲਾਤ ਚੰਗੇ ਕਰ ਦੇਵੇ ਅਤੇ ਜੋ ਜ਼ਖਮੀ ਹੋਏ ਹਨ ਉਹਨਾ ਨੂ ਛੇਤੀ ਸਵਾਸਥ ਪ੍ਰਦਾਨ ਕਰੇ ਅਤੇ ਉਹਨਾ ਦੇ ਜੋ ਨੁਕਸਾਨ ਹੋਏ ਹਨ ਉਹ ਵੀ ਪੂਰੇ ਫ਼ਰਮਾਏ ਅਤੇ ਉੱਥੇ ਅਮਨ ਨਾਲ ਰਹਿ ਸਕਣ ਤੇ ਜਲਸਾ ਕਰ ਸਕਣ ।

ਹਜ਼ੂਰ ਅਨਵਰ ਨੇ ਫ਼ਰਮਾਰਇਆ ਕਿ : ਨਾਮਜ਼ਾਂ ਦੇ ਬਾਦ ਮੈਂ ਇਕ ਜਨਾਜ਼ਾਹ ਗ਼ਾਇਬ ਵੀ ਪੜ੍ਹਵਾਂਗਾ ਜੋ ਮੁਕਰੱਮਾ ਸਿੱਦੀਕਾ ਬੇਗ਼ਮ ਸਾਹਿਬਾ ਦੀਨਾਪੁਰ ਪਾਕਿਸਤਾਨ ਦਾ ਹੈ । ਇਹ ਲਈਕ ਅਹਮਦ ਮੁਸ਼ਤਾਕ ਸਾਹਬ ਮੁਬਲੱਗ਼ ਇੰਚਾਰਜ ਦਖੱਣੀ ਅਮਰੀਕਾ ਦੀ ਮਾਤਾ ਸਨ ਅਤੇ ਸ਼ੇਖ਼ ਮੁਜ਼ਫ਼ੱਰ ਅਹਮਦ ਸਾਹਬ ਦੀ ਸੁਪਤੱਨੀ ਸਨ । ਪਹਿਲੀ ਫ਼ਰਵਰੀ ਨੂੰ 74 ਸਾਲ ਦੀ ਉਮਰ ਵਿੱਚ ਇਹਨਾ ਦੀ ਵਫ਼ਾਤ ਹੋਈ ਹੈ । اناللهوانا الیہراجعون۔ ਹਜ਼ੂਰ ਅਨਵਰ ਨੇ ਮਰਹੂਮਾ ਦੇ ਸਦਗੁਣਾ ਨੂੰ ਵਰਨਣ ਕਰਦਿਆਂ ਹੋਇਆਂ ਉਹਨਾ ਲਈ ਦੁਆ ਕੀਤੀ ਕਿ ਅਲੱਾਹ ਤਆਲਾ ਮਰਹੂਮਾ ਨਾਲ ਬਖ਼ਸ਼ਿਸ਼ ਤੇ ਰਹਿਮ ਦਾ ਸੁਲੂਕ ਕਰੇ ਅਤੇ ਦਰਜੇ ਬੁਲੰਦ ਕਰੇ । ਇਹਨਾਂ ਦੇ ਬੱਚਿਆਂ ਨੂੰ ਇਹਨਾ ਦੀਆਂ ਨੇਕੀਆਂ ਜਾਰੀ ਰਖੱਣ ਦੀ ਤੌਫ਼ੀਕ ਪ੍ਰਦਾਨ ਕਰੇ । ਇਹਨਾ ਦੇ ਹੱਕ ਵਿੱਚ ਜੋ ਇਹਨਾਂ ਦੀਆਂ ਦੁਆਵਾਂ ਹਨ ਕੁਬੂਲ ਫ਼ਰਮਾਏ ।

**Khulasa Khutba Jumma 15.02.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131